# ਸਾਹਿਤਨਾਮਾ

**ਆਪਣੀ ਮਾਂ ਬੋਲੀ 'ਪੰਜਾਬੀ' ਲਿਖਣ, ਪੜ੍ਹਨ ਅਤੇ ਬੋਲਣ ਵਿੱਚ ਝਿਜਕ ਮਹਿਸੂਸ ਨਾ ਕਰੋ, ਸਗੋਂ ਮਾਣ ਅਤੇ ਫਖਰ ਨਾਲ ਆਪਣੇ ਬੱਚਿਆਂ ਨੂੰ ਵੀ ਸਿਖਾਓ!!**

**" ਪਰਿਵਰਤਨ ਹਰ ਯੁੱਗ ਦੀ ਜ਼ਰੂਰਤ ਹੈ ਤੇ ਅੱਜ ਦੇ ਸਮੇਂ 'ਚ ਕੰਮਪਿਊਟਰ ਲਿਖਾਰੀ ਦੀ ਕਲਮ ਹੈ ।"**




ਨਵਜੋਤ ਬਰਾੜ
ਸੰਪਾਦਕ
(905) 793-0280
sahit@rogers.com


## ਕਵਿਤਾ

-ਨਵਜੋਤ ਬਰਾੜ

ਮੇਰੀਏ ਮਾਏ ,ਮੇਰੀਏ ਅੰਮੀਏ
ਕਿੰਝ ਮੈਂ ਤੇਰੀ ਸਿਫ਼ਤ ਕਰਾਂ
ਕਿਥੋ ਲੱਭਾ ਅੱਖਰ ਉਹੋ
ਕਿਵੇਂ ਮੈਂ ਉਹ ਲਿਖਤ ਘੜਾ
ਨਾ ਕੋਈ ਲਿਪੀ ,ਨਾ ਕੋਈ ਭਾਸ਼ਾ
ਮਾਂ ਤੇਰੇ ਗੁਣ ਗਾ ਸਕਦੀ
ਨਾ ਹੀ ਸਰਲ ਪੱਧਰੇ ਯਤਨੀਂ
ਮੈਂ ਜੱਗ ਨੂੰ ਸਮਝਾਂ ਸਕਦੀ
ਤੇਰੇ ਨੈਣੀਂ ਮੇਰਾ ਚੇਤਾ
ਜਦ ਹੰਝੂ ਬਣ ਕਿਰਨਾਂ ਨੀ
ਇਕ ਨਿੱਕੜਾ ਜਿਹਾ ਕਾਲਾ ਬੱਦਲ
ਮੇਰੇ ਵੱਲ ਵੀ ਘਿਰਨਾ ਨੀ ।

ਤੂੰ ਤਾਂ ਜੱਗ ਤੇ, ਚਾਨਣ ਹੀ ਚਾਨਣ
ਰੌਸ਼ਨ ਤੈਅ ਤੇ ਕਾਇਨਾਤ ਅੜੇ
ਤੂੰ ਸੌਵੇ ਤਾਂ ਨ੍ਹੇਰਾ ਪਸਰੇ
ਜਾਗੇ ਤਾਂ ਪ੍ਰਭਾਤ ਚੜੇ
ਅੱਜ ਦੇ ਸੁਹਜ ਦਿਹਾੜੇ ਯਾਦਾਂ
ਚਾਰ ਚੁਫੇਰੇ ਫਿਰਨਾ ਨੀ
ਇਕ ਨਿੱਕੜਾ ਜਿਹਾ ਕਾਲਾ ਬੱਦਲ
ਮੇਰੇ ਵੱਲ ਵੀ ਘਿਰਨਾ ਨੀ ।

ਦੂਰ ਹਾਂ ਪਰ ਮੈਂ ਕੋਲ ਹਾਂ ਤੇਰੇ
ਰੱਬ ਜਾਣੇ ਸਾਡਾ ਦਿਲ ਜਾਣੇ
ਮੇਰਾ ਹਰ ਸਾਹ ,ਹਰ ਦੁਆ ਤੈਨੂੰ
ਤੂੰ ਜਾਣੇ ,ਸੁਖ ਸਭ ਮਾਣੇ
ਇਨਾਂ ਕਹਿ ਹਰ ਮੁਆਫ਼ੀ ਮੰਗਾਂ
ਤੇਰੇ ਹੱਥੀਂ ਨਿਰਨਾ ਨੀ
ਇਕ ਨਿੱਕੜਾ ਜਿਹਾ ਕਾਲਾ ਬੱਦਲ
ਮੇਰੇ ਵੱਲ ਵੀ ਘਿਰਨਾ ਨੀ ।

ਇਕ ਨਿੱਕੜਾ ਜਿਹਾ ਕਾਲਾ ਬੱਦਲ
ਮੇਰੇ ਵੱਲ ਵੀ ਘਿਰਨਾ ਨੀ ।

**ਸਾਹਿਤ ਜੀਵਨ ਦਾ ਸ਼ੀਸ਼ਾ ਹੈ**

## ਚਾਨਣ ਦੀ ਫੁਲਕਾਰੀ

-ਅੰਮ੍ਰਿਤਾ ਪ੍ਰੀਤਮ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ!

ਉੱਬਰ ਦਾ ਇਕ ਆਲਾ ਸੂਰਜ ਬਾਲ ਦਿਆਂ
ਮਨ ਦੀ ਉੱਚੀ ਮਮਟੀ ਦੀਵਾ ਕੌਣ ਧਰੇ!

ਅੰਬਰ ਗੰਗਾ ਹੰਦੀ ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਉ ਕਿਹੜਾ ਘੁਟ ਭਰੇ!

ਇਹ ਜੋ ਸਾਨੂੰ ਅੱਗ ਰਾਖਵੀਂ ਦੇ ਚੱਲਿਉ
ਦਿਲ ਦੀ ਬੁੱਕਲ ਬਲਦੀ ਚਿਣਗਾਂ ਕੌਣ ਜਰੇ!

ਆਪਣੇ ਵਲੋਂ ਸਾਰੀ ਬਾਤ ਮੁਕਾ ਬੈਠੇ
ਹਾਲੇ ਵੀ ਇਕ ਹਾਉਕਾ ਤੇਰੀ ਗੱਲ ਕਰੇ!

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ!

## ਗ਼ਜ਼ਲ

-ਸੁਖਵਿੰਦਰ ਅੰਮ੍ਰਿਤ

ਇਕ ਕਦਮ ਤੇ ਕਬਰ ਸੀ ਦੂਜੇ 'ਤੇ ਬਲਦੀ ਚਿਖ਼ਾ
ਜ਼ਿੰਦਗੀ ਤੇ ਫੇਰ ਵੀ ਵਿਸ਼ਵਾਸ ਸੀ ਬਣਿਆ ਰਿਹਾ

ਕਿੰਨੀ ਵਾਰੀ ਜੁੰਗਨੂੰਆਂ ਦੇ ਨਾਲ ਤਾਂ ਖੇਡੀ ਹਾਂ ਮੈਂ
ਵੇਖਣੀ ਹੈ ਤਾਰਿਆਂ ਦੇ ਨਾਲ ਵੀ ਬਾਜ਼ੀ ਪੁਗਾ

ਮੇਰਾ ਦਾਅਵਾ ਇਹ ਨਹੀ ਕੇ ਸਰ ਕਰਾਂਗੀ ਅਰਸ਼ ਨੂੰ
ਮੇਰਾ ਦਾਅਵਾ ਹੈ ਕੀ ਇਸ ਨੂੰ ਮੈ ਦਿਆਂਗੀ ਇਕ ਅਦਾ

ਮੋੜ ਸਨ ਐਸੇ ਕਿ ਵਗਦੀ ਪੌਣ ਵੀ ਥਮਦੀ ਰਹੀ
ਲਾ ਨਹੀ ਸਕਿਆ ਕੋਈ ਪਰ ਹੌਸਲੇ ਮੇਰੇ ਨੂੰ ਢਾ

ਦਿਸ ਰਹੀ ਸੀ ਕੋਹਾਂ ਤਕ ਡੂੰਘੀ ਉਦਾਸੀ ਤੇ ਖ਼ਿਜ਼ਾਂ
ਉਹਦੇ ਨੈਣਾਂ ਵਿਚ ਜਦੋਂ ਮੈਂ ਨੀਝ ਲਾ ਕੇ ਦੇਖਿਆ

ਇੰਜ ਤੁਰ ਕਿ ਰਾਹ ਤੈਨੂੰ ਲੈ ਤੁਰੇ ਮੰਜ਼ਿਲ ਦੇ ਵੱਲ
ਪੈਰ ਜੋ ਖੜ ਜਾਣ ਤਾਂ ਫਿਰ ਮਿੱਟੀ ਹੀ ਜਾਂਦੀ ਹੈ ਖਾ ।

## ਗ਼ਜ਼ਲ

-ਆਲੀਆ ਬੁਖ਼ਾਰੀ 'ਹਾਲਾ'

ਜਿੱਥੇ ਲੱਭੀ ਛਾਂ ,ਉੱਥੇ ਈ ਬਹਿ ਬਹਿ ਗਈ ਆਂ!
'ਇਸ਼ਕ' ਹੁਰਾਂ ਦੇ ਔਖੇ ਪੈਂਡੇ ਪੈ ਗਈ ਆਂ !!

ਇਹ ਨਾ ਸਮਝ ਤਿਰਾ ਹੱਥ ਮੈਥੋਂ ਉਤੋਂ ਵੇ,
ਤੈਨੂੰ ਅਪਣਾ ਸਮਝ ਕੇ,ਜੁਰਮ ਵੀ ਸਹਿ ਗਈ ਆਂ!

ਉਹਨੂੰ ਸੰਗੀ ਸਮਝ ਸਾਮਾਨ ਕੇ, ਚੁਕਾਇਆ ਸੀ
ਉਹ ਨੱਸ ਗਿਆ ,ਮੈਂ ਖਲੀ -ਖਲੋਤੀ ਰਹਿ ਗਈ ਆਂ !

ਉਹ ਵੀ ਚੜ੍ਹਦੇ ਪਾਣੀ ਵਾਂਗਰ ਆਇਆ ਸੀ ,
ਮੈਂ ਵੀ ਕੱਚੀਆਂ ਕੰਧਾਂ ਵਾਂਗਰ ਢਹਿ ਗਈ ਆਂ!

'ਹਾਲਾਂ' ਪਹਿਲਾਂ ਮੰਜ਼ਲ ਸਾਂਹਵੇਂ ਦਿਸਦੀ ਸੀ ,
ਰ੍ਹਾਹਬਰ ਲੱਭਾ ,ਤਾਂ ਮੈਂ ਦੇਖੋ ਰਹਿ ਗਈ ਆਂ !

## ਕਵਿਤਾ

-ਪਾਲ ਕੌਰ

ਮੈਨੂੰ ਨਹੀਂ ਪਤਾ
ਚੁਰਾਸੀ ਲੱਖ ਜੂਨਾਂ ਤੋਂ ਬਾਅਦ
ਮਨੁੱਖੇ ਜਨਮ ਤੱਕ ਦੇ
ਤੇ ਜਾਂ ਮੁਕਤੀ ਤੱਕ ਦੇ ਸਫ਼ਰ ਦਾ ...

ਮੈਨੂੰ ਤਾਂ
ਆਪਣੇ ਇਸ ਜਨਮ ਵਿਚਲੀਆਂ
ਚੁਰਾਸੀ ਲੱਖ ਜੂਨਾਂ ਦਾ ਪਤਾ ਹੈ
ਜੋ ਮੈਂ ਤੇਰੇ ਤੱਕ ਪੰਹੁਚਣ ਵਿੱਚ ਭੋਗੀਆ ਨੇ!
ਕਦੀ ਤਾਂ ਮੱਛੀ ਵਾਂਗ
ਬਿਨ ਪਾਣੀ ਤੜਫ਼ਦੀ ਰਹੀ ਹਾਂ
ਕਦੀ ਹਿਰਨ ਵਾਂਗ
ਕਸਤੂਰੀ ਪਿਛੇ ਭੱਜਦੀ ਰਹੀ ਹਾਂ

ਭੋਗ ਤੇ ਜੋਗ ਦਾ ਵਿਰੋਧ ਕਿਵੇਂ ਹੈ ?
ਮੈਂ ਤਾਂ ਇਕੋ ਪਲ ਵਿਚ
ਭੋਗੀ ਵੀ ਹੁੰਦੀ ਹਾਂ
ਤੇ ਜੋਗੀ ਵੀ!
ਜਿਵੇਂ ਕੋਈ ਭੋਗ-ਮੁਕਤ ਹੋ ਕੇ
ਮੰਦਿਰ ਵਿਚ ਰੱਬ ਦੇ 'ਭੋਗ' ਨੂੰ ਤਰਸਦਾ ਹੋਵੇ

ਤੇਰੇ ਵਿਚ ਜਮ੍ਹਾਂ ਹੋਣ ਦਾ ਪਲ
ਜੋਗ-ਭੋਗ ਦਾ ਹੀ ਪਲ ਹੈ-
ਜਦੋਂ ਮੈਂ ਚੁਰਾਸੀ ਲੱਖ ਜੂਨਾਂ ਤੋਂ ਬਾਅਦ
ਮੁਕਤ ਹੋ ਜਾਂਦੀ ਹਾਂ -
ਜਦੋਂ ਸਾਰੇ ਕਾਮ ਕਰੋਧ
ਸ਼ਾਤ ਹੋ ਜਾਂਦੇ ਹਨ
ਤੇ ਜਦੋਂ ਮੈਂ
ਮੈਂ ਨਹੀਂ ਰਹਿੰਦੀ
ਜਦੋਂ ਬਹੁਤ ਜੀਣ ਨੂੰ
ਜੀਅ ਕਰਦਾ ਏ-
ਤੇ ਜਦੋਂ ਬੱਸ
ਮਰ ਜਾਣ ਨੂੰ ਜੀਅ ਕਰਦਾ ਹੈ।

## ਕਾਲੀ ਔਰਤ

-ਨਿਰੂਪਮਾ ਦੱਤ

ਇਕ ਕਾਲੀ ਔਰਤ ਦੇ ਸੁਪਨੇ
ਬਹੁਤ ਗੋਰੇ ਹੁੰਦੇ ਨੇ
ਤੇ ਸੱਚ ਬਹੁਤ ਕਾਲਾ
ਉਹ ਇਕ ਦਰਦ ਲੇ ਕੇ ਜੰਮਦੀ ਹੈ
ਜਿਹਨੂੰ ਤੁਸੀਂ
ਕੋਈ ਵੀ ਰੰਗ ਨਹੀਂ ਦੇ ਸਕਦੇ
ਉਹ ਦਰਦ ਪਾਣੀ ਦਾ ਰੰਗ ਮੰਗ
ਉਹਦੀਆਂ ਅੱਖਾਂ ਭਰਦਾ ਹੈ
ਉਹਦੇ ਸਿਆਹ ਜਿਸਮ ਦੇ
ਸੂਹੇ ਜਖ਼ਮਾਂ 'ਚ ਤਰਦਾ ਹੈ
ਉਹ ਆਪਣੀ ਸਿਆਹੀ ਨੂੰ
ਕਾਲੇ ਰੰਗ ਨਾਲ ਜੁੜੇ
ਜੁਲਮ ਦੇ ਲੱਖਾਂ ਬਿੰਬ ਹੇਠ
ਲੁਕਾਂਦੀ ਹੈ
ਤੇ ਹੋਰ ਕਾਲੀ ਪੈ ਜਾਦੀ ਹੈ
ਉਹਦੇ ਸੁਪਨੇ
ਚਿੱਟੀਆਂ ਕੂੰਜਾਂ ਵਾਂਗ
ਬਹੁਤ ਦੂਰ ਉਡ ਜਾਂਦੇ ਨੇ
ਤੇ ਕੋਸੀ ਚਾਨਣੀ ਦਾ ਚੋਗਾ ਲਿਆ
ਉਹਦੀ ਝੋਲੀ 'ਚ ਪਾਂਦੇ ਨੇ
ਇੱਕ ਕਾਲੀ ਔਰਤ ਜਿੰਦਗੀ ਦੇ
ਹਰ ਉਜਾਲੇ ਤੋਂ ਸੰਗਦੀ ਹੋਈ
ਇੱਕ ਕਾਲੇ ਜੁਰਮ ਨੂੰ ਜਿਉਂਦੀ ਹੈ
ਤੇ ਇਕ ਚਿੱਟੇ ਬੱਚੇ ਦੀ ਆਸ
ਕਰਦੀ ਹੈ...
ਇਕ ਕਾਲੀ ਔਰਤ ਦੇ ਸੁਪਨੇ
ਬਹੁਤ ਗੋਰੇ ਹੁੰਦੇ ਨੇ
ਤੇ ਸੱਚ ਬਹੁਤ ਕਾਲਾ।
ਤੇ
ਸੱਚ ! ਬਹੁਤ ਕਾਲਾ।

## ਕਣੀਆਂ ਵਰ੍ਹੀਆਂ

-ਸੁਰਿੰਦਰ ਗੀਤ

ਓਧਰ ਓਦੋਂ ਅੰਮ੍ਰਿਤ ਵੇਲਾ
ਏਧਰ ਓਦੋਂ ਸ਼ਾਮਾਂ ਢਲੀਆਂ
ਏਧਰ ਮੇਰੀਆਂ ਅੱਖਾਂ ਭਰੀਆਂ
ਓਧਰ ਓਦੋਂ ਕਣੀਆਂ ਵਰ੍ਹੀਆਂ

ਗੱਲ ਤਾਂ ਇਹ ਕੁਝ ਯਾਦਾਂ ਦੀ ਸੀ
ਦਿਲ ਦੀਆਂ ਦੀ ਫਰਿਆਦਾਂ ਦੀ ਸੀ
ਰੋਹੀ ਦੀ ਕਿੱਕਰ ਤੇ ਖੜੀਆਂ
ਨੰਗੀਆਂ ਸੁਕੀਆਂ ਸ਼ਾਂਕਾਂ ਦੀ ਸੀ
ਕੌਣ ਜਾਣੇ ਸਾਂਖਾਂ ਤੇ ਪੱਤੀਆਂ
ਕਦ ਫੁਟੀਆਂ ਤੇ ਕਦ ਸਨ ਝੜੀਆਂ
ਏਧਰ ਮੇਰੀਆਂ ਅੱਖਾਂ ਭਰੀਆਂ
ਓਧਰ ਓਦੋਂ ਕਣੀਆਂ ਵਰ੍ਹੀਆਂ

ਟੁਕੜੇ ਟੁਕੜੇ ਹੋ ਕੇ ਜਿਊਣਾ
ਜਿਊਣਾ ਵੀ ਕੋਈ ਜਿਊਣਾ ਹੈ
ਬੇ-ਬੱਸ ਹੋ ਕੇ ਰਾਖ ਠੰਢੀ ਨੂੰ
ਹੌਕਿਆਂ ਨਾਲ ਧੁਖਾਉਣਾ ਹੈ
ਹੁਣ ਤਾਂ ਹੌਕੇ ਵੀ ਅੱਕ ਗਏ
ਨਿਤ ਸੁਣਾਉਂਦੇ ਖ਼ਰੀਆਂ ਖ਼ਰੀਆਂ
ਏਧਰ ਮੇਰੀਆਂ ਅੱਖਾਂ ਭਰੀਆਂ
ਓਧਰ ਓਦੋਂ ਕਣੀਆਂ ਵਰ੍ਹੀਆਂ

ਧਰਤੀ ਦਾ ਔਹ ਬੰਨਾ ਤੇਰਾ
ਧਰਤੀ ਦਾ ਇਹ ਬੰਨਾ ਸਾਡਾ
ਅੰਬਰੋ ਵਰਦਾ ਪਾਣੀ ਮਿੱਠਾ
ਨੈਣੋਂ ਕਿਰਦਾ ਪਾਣੀ ਖ਼ਾਰਾ
ਪਾਣੀ ਦੋ ਪਰ ਇਕ ਸਜ਼ਾ ਕੇ
ਪ੍ਰੀਤ ਦੀਆਂ ਇਹ ਜਾਦੂਗਰੀਆਂ
ਏਧਰ ਮੇਰੀਆਂ ਅੱਖਾਂ ਭਰੀਆਂ
ਓਧਰ ਓਦੋਂ ਕਣੀਆਂ ਵਰ੍ਹੀਆਂ।

## ਸ਼ੀਸ਼ੇ ਦੇ ਰੂਬਰੂ

-ਗੁਰਮਿੰਦਰ ਸਿੱਧੂ

ਤੁਸੀ ਤਾਂ ਮੈਨੂੰ
ਜੰਡਾਂ 'ਤੇ ਤਰਕਸ਼ ਟੰਗਦਿਆਂ ਹੀ ਦੇਖਿਆ ਹੈ
ਕਦੀ ਨਹੀਂ ਬਦਨਾਮ ਕੀਤਾ
ਉਸ ਟੂਣੇ ਹਾਰੀ ਤ੍ਰਿਸ਼ਨਾ ਨੂੰ
ਜਿਹਦਾ ਸਿਰਹਾਣਾ ਬਣਾ ਕੇ
ਮਿਰਜ਼ੇ ਨੇ
ਆਪਣੀਆਂ ਸੁਪਨੀਲੀਆਂ ਅੱਖਾਂ
ਮੀਚ ਲਈਆਂ ਹਨ
ਕਦੇ ਨਹੀਂ ਥਰਥਰਾਈਆਂ
ਤੁਹਾਡੇ ਸ਼ਾਹੀ-ਕਿਲੇ ਦੀਆਂ ਕੰਧਾਂ
ਖਿਆਲ ਵਿਚ ਵਿਲਕਦੇ
ਮੇਰੇ ਹਾੜ੍ਹਿਆਂ ਨੂੰ ਸੁਣ ਕੇ
ਜਿਹੜੇ ਮੈਂ ਮਿਰਜ਼ੇ ਅੱਗੇ
ਜਾਗਦੇ ਰਹਿਣ ਲਈ ਕੱਢੇ

ਕਦੇ ਨਹੀਂ ਡੋਲਿਆ
ਨਹੀਂ ਤੁਹਾਡੇ ਮਨ ਦਾ ਸਿੰਘਾਸਨ
ਮੇਰੀਆਂ ਜ਼ਖ਼ਮੀ ਅਰਦਾਸਾਂ ਦੀ
ਪੀੜ ਵਿਚ ਭਿੱਜ ਕੇ
ਜੋ ਮੈਂ ਮਿਰਜ਼ੇ ਦੇ ਸੌ ਜਾਣ 'ਤੇ ਕੀਤੀਆਂ
ਤੇ ਜਿਹੜੀਆ ਮੇਰੇ ਬੰਨ੍ਹੇ ਹੱਥਾਂ ਦੀ
ਅੰਬਰ ਵੱਲ ਝਾਕਦੀ ਝੀਤ 'ਚੋ
ਕਿਰ ਗਈਆਂ
ਕਦੇ ਨਹੀਂ ਭੁਰੇ
ਤੁਹਾਡੀ ਜ਼ਮੀਰ ਦੇ ਕਿਨਾਰੇ
ਅੰਮੀਂ - ਜਾਇਆਂ ਨਾਲ ਸਾਂਜੇ
ਮੇਰੇ ਲਹੂ ਦਾ ਜਵਾਰ -ਭਾਟਾ ਦੇਖ ਕੇ
ਜਿਹਨੇ ਮੇਰਾ ਤਰਕਸ਼ ਵਾਲਾ ਹੱਥ
ਜੰਡ ਜਿੱਡਾ ਉਚਾ ਕਰ ਦਿੱਤਾ ਸੀ
ਤੇ ਕਦੀ ਨਹੀਂ ਪੜ੍ਹਿਆ ਤੁਸੀਂ
ਉਸ ਦਰਦ ਦਾ ਸਿਰਨਾਵਾਂ
ਜਿਹਨੇ ਮੇਰੇ ਜਿਸਮ ਦੇ ਚੱਪੇ ਚੱਪੇ ਉਤੇ
ਸਿਵਿਆਂ ਦੀ ਫ਼ਸਲ ਬੀਜ ਦਿੱਤੀ
ਤੁਸੀਂ
ਜਿਹੜੇ ਹਰ ਰਿਸ਼ਤੇ ਦੀ ਬੁੱਕਲ ਵਿੱਚ ਬਹਿ ਕੇ
ਆਪਣੇ ਆਪ ਨੂੰ
ਬੱਸ ਮਹਾਂ -ਮਰਦ ਮਹਿਸੂਸ ਕਰਦੇ ਓ
ਕਿੰਝ ਪਹੁੰਚ ਸਕੋਗੇ ਉਸ ਬੁਲੰਦੀ ਤੱਕ
ਜਿੱਥੇ ਔਰਤ ਜਦੋਂ ਮਹਿਬੂਬ ਹੂੰਦੀ ਹੈ
ਉਦੋਂ ਹੀ
ਇਕ ਧੀ
ਇਕ ਭੈਣ ਵੀ ਹੰਦੀ ਹੈ
ਤੁਸੀ ਤਾਂ ਮੈਨੂੰ
ਜੰਡਾਂ 'ਤੇ ਤਰਕਸ਼ ਟੰਗਦਿਆਂ ਹੀ ਦੇਖਿਆ ਹੈ
ਕਦੀ ਨਹੀਂ ਬਦਨਾਮ ਕੀਤਾ
ਉਸ ਟੂਣੇ ਹਾਰੀ ਤ੍ਰਿਸ਼ਨਾ ਨੂੰ
ਜਿਹਦਾ ਸਿਰਹਾਣਾ ਬਣਾ ਕੇ
ਮਿਰਜ਼ੇ ਨੇ
ਆਪਣੀਆਂ ਸੁਪਨੀਲੀਆਂ ਅੱਖਾਂ
ਬੰਦ ਕਰ ਲਈਆਂ ਸਨ।

ਤੁਸੀਂ ਆਪਣੀਆਂ ਟਾਇਪ ਕੀਤੀਆ ਰਚਨਾਵਾਂ
sahit@rogers.com ਤੇ ਭੇਜ ਸਕਦੇ ਹੋ।

## ਵਿੰਡੋ- ਸ਼ਾਪਿੰਗ

-ਮਨਜੀਤ ਟਿਵਾਣਾ

ਕੁੜੀਆਂ ਸ਼ਾਮ ਨੂੰ ਸੈਰ ਕਰਦੀਆਂ
ਦੋਸਤੀ ਦੀ ਵਿੰਡੋ-ਸ਼ਾਪਿੰਗ ਲਈ ਨਿਕਲ ਪੈਂਦੀਆ ਨੇ
ਕੋਈ ਮੰਡਾ ਸੂਟ ਦੇ ਪ੍ਰਿੰਟ ਵਾਂਗ ਸੋਹਣਾ ਲਗਦਾ ਹੈ
ਪਰ ਬੋਦੇ ਕਪੜੇ ਵਾਂਗ ਛੇਤੀ ਫਟ ਜਾਣ ਵਾਲਾ
ਕਿਸੇ ਦਾ ਰੰਗ ਵਦੀਆ ਲਗਦਾ ਹੈ -
ਪਰ ਛੇਤੀ ਹੀ ਫਿੱਟ ਜਾਣ ਵਾਲਾ
ਕਿਸੇ ਦੇ ਸੁਭਾਅ ਦੀ ਟੈਕਸਚਰ ਚੰਗੀ ਲਗਦੀ ਹੈ
ਪਰ ਸਿੰਥੇਟਿਕ ਕਪੜੇ ਵਾਂਗ ਸਾਹ ਘੋਟਣ ਵਾਲਾ
ਕੋਈ ਇਮਪੋਰਟਿਡ ਪੀਸ ਜਿਹਾ,
ਕੋਈ ਭਾਰਤੀ ਕਾਟਨ ਜਿਹਾ,

ਕੁੜੀਆਂ ਸ਼ਾਮ ਨੂੰ ਸੈਰ ਕਰਦੀਆਂ
ਰੋਲ ਕਾਲ ਤੱਕ ਆਪਣੇ ਛੋਟੇ ਛੋਟੇ ਬਟੂਇਆਂ ਵਿਚਲੀ
ਮਨ ਦੀ ਭਾਨ ਨੂੰ ਸਾਂਭ ਸਾਂਭ ਰੱਖਦੀਆਂ,
ਹਰ ਰੋਜ਼ ਵਾਂਗ ਹੋਸਟਲ ਪਰਤਦੀਆਂ ਹਨ...
ਇਹ ਸੋਚਦੀਆਂ ਹੋਈਆਂ ਕਿ
ਮੰਡੇ ਤਾਂ ਬਸ ਮੁੰਡੇ ਹੁੰਦੇ ਨੇ
ਸੋਹਣੇ ਜਿਹੇ ਖਿਡੋਣੇ,ਜੋ ਖੇਡਣ ਲਈ ਤਾਂ ਚੰਗੇ ਨੇ
ਪਰ ਜਿਓਣ ਲਈ ਐਵੇਂ ਛੋਟੀ ਜਿਹੀ ਗੱਲ 'ਤੇ ਹੀ
ਟੁੱਟ ਜਾਂਦੇ ਨੇ
ਮੁੰਡੇ ਤਾਂ ਬਸ ਮੁੰਡੇ ਹੁੰਦੇ ਨੇ-
ਮਾਂ ਦੀ ਟੁੱਟੀਆਂ ਵੰਗਾਂ ਦੇ-
ਕਲਾਈਡੋਸਕੋਪ 'ਚੋਂ ਦਿਸਦੇ
ਅਣਗਿਣਤ ਨਮੂਨੇ ਜਿਹੇ...
ਮੰਡੇ ਤਾਂ ਬਸ ਮੁੰਡੇ ਹੁੰਦੇ ਨੇ
ਨਵੇਂ ਨਵੇਂ ਪ੍ਰਿੰਟ ਜਿਹੇ
ਚੇਤੀ ਹੀ ਕਾਮਨ ਹੋ ਜਾਣ ਵਾਲੇ
ਤੇ ਦੋਸਤੀ
ਦੋਸਤੀ ਕਸੇ ਸੂਫੀ ਫ਼ਕੀਰ ਦਾ ਚੋਲਾ-
ਜਿਸ ਦੀ ਫਿਟਿੰਗ ਦਾ ਕੋਈ ਨੰਬਰ ਨਹੀਂ ਹੁੰਦਾ
ਜੋ ਦੀਵਾਨਗੀ ਦਾ ਫ੍ਰੀ -ਸਾਈਜ਼ ਹੈ-
ਜਿਸ ਵਿਚ ਦਮ ਨਹੀਂ ਘੁੱਟਦਾ
ਜੋ ਤਨ ਦੀਆਂ ਟਾਕੀਆਂ ਭਾਂਵੇ ਨਾ ਢੱਕ ਸਕੇ
ਪਰ ਮਨ ਦਾ ਲਿਬਾਸ ਜ਼ਰੂਰ ਬਣ ਸਕਦਾ ਹੈ...

ਕੁੜੀਆਂ ਸ਼ਾਮ ਨੂੰ ਸੈਰ ਕਰਦੀਆਂ
ਰੋਲ ਕਾਲ ਤੱਕ ਆਪਣੇ ਛੋਟੇ ਛੋਟੇ ਬਟੂਇਆਂ ਵਿਚਲੀ
ਦੋਸਤੀ ਦੀ ਵਿੰਡੋ-ਸ਼ਾਪਿੰਗ ਲਈ ਨਿਕਲ ਪੈਂਦੀਆ ਨੇ
ਮਨ ਦੀ ਭਾਨ ਨੂੰ ਸਾਂਭ ਸਾਂਭ ਰੱਖਦੀਆਂ
ਹਰ ਰੋਜ਼ ਵਾਂਗ ਹੋਸਟਲ ਪਰਤਦੀਆਂ ਹਨ।

## ਤੁਪਕਾ

-ਪ੍ਰਕਾਸ਼ ਕੌਰ ਹਮਦਰਦ

ਜਿਹੜਾ ਝੂਠ ਤੇ ਸੱਚ ਦਾ ਕਰੇ ਨਿਤਾਰਾ
ਮੈਂ ਓਸ ਖ਼ੁਦਾ ਦਾ ਹਾਂ
ਤਸਕੀਨ ਫ਼ਿਜ਼ਾ ਵਿਚ ਘੋਲੇ ਜੋ
ਮੈਨ ਬੱਲ੍ਹਾ ਓਸ ਹਵਾ ਦਾ ਹਾਂ
ਜਿਹੜਾ ਅਮਰ ਕਰੇ ਅਹਿਸਾਸੇ ਸ਼ਿੱਦਤ
ਕੁਸ਼ਤਾ ਉਸ ਗਜ਼ਾ ਦਾ ਹਾਂ
ਜਿਹੜਾ ਰੂਹ ਤੀਕਰ ਸ਼ਰਸ਼ਾਰ ਕਰੇ
ਮੈਂ ਤੁਪਕਾ ਓਸ ਦਵਾ ਹਾਂ।

## ਬੇਵਤਨ

-ਅਮਰ ਜਿਓਤੀ

ਬੇਗਾਨੇ ਮੁਲ਼ਕ ਵਿਚ ਰਹਿਣਾ
ਬੇਗਾਨੀਆਂ ਤੇ
ਕਮੀਨਗੀ ਭਰੀਆਂ
ਨਜ਼ਰਾਂ ਨੂੰ ਸਹਿਣਾ ਹੀ
ਬੇਵਤਨੀ ਹੈ।
ਸਭ ਤੋ ਪਹਿਲਾਂ
ਕਤਲ ਹੁੰਦੀ ਏ
ਸਾਡੀ ਜੁਬਾਨ
ਆਪਣੀ ਬੋਲੀ ਤੁਸੀਂ
ਬੋਲ ਨਹੀਂ ਸਕਦੇ
ਇਸ ਮੁਲਕ ਦੀ
ਬੋਲੀ ਦੇ
ਗਿਣੇ-ਮਿੱਥੇ ਸ਼ਬਦਾਂ ਦੀ
ਸ਼ਬਦਾਵਲੀ ਯਾਦ ਕਰਕੇ
ਤੇ ਇਸ਼ਰੀਆਂ ਦੀ
ਭਾਸ਼ਾ ਵਰਤ ਕੇ
ਗੂੰਗੇ ਹੋਣ ਦਾ ਅਹਿਸਾਸ
ਹੰਢਾਉਣਾ ਪੈਂਦਾ ਏ।
ਫਿਰ ਵਾਰੀ ਹੈ
ਲਿਬਾਸ ਦੀ
ਆਪਣੀ ਸੱਭਿਅਤਾ
ਨਾਲ ਸੰਬੰਧਿਤ
ਸ਼ਾਨਦਾਰ ਲਿਬਾਸ
ਪਾ ਕੇ ਨਿਕਲਣਾ
ਇੰਝ ਹੈ ਜਿਵੇਂ
ਨਾ ਕਾਬਲਿ-ਮੁਆਫ਼ੀ ਗੁਨਾਹ
ਕਰਕੇ ਆਏ ਹੋ
ਤੇ ਨਜ਼ਰਾਂ ਦੀਆਂ
ਬਰਛੀਆਂ ਸੰਗ
ਕਤਲ ਹੋ ਰਹੇ ਹੋ
ਆਪਣੇ ਗੀਤ
ਆਪਣੀ ਕਵਿਤਾ
ਆਪਣਾ ਸੰਗੀਤ
ਸੱਤੇ ਸੁਰਾਂ
ਕਤਲ ਹੋ ਜਾਂਦੀਆਂ ਹਨ
ਗਲੇ 'ਚੋਂ ਨਿਕਲਣ
ਤੋਂ ਪਹਿਲਾਂ ,
ਤਿਓਹਾਰਾਂ ਦਾ ਆਉਣਾ
ਬਿਨਾਂ ਉਡੀਕ ਦੇ
ਬਿਨਾਂ ਉਤਸ਼ਾਹ ਦੇ
ਦੁਆਲੇ ਵਿਚ
ਕੁਝ ਵੀ ਨਹੀਂ ਘੁਲਦਾ
ਜੁ ਇਨ੍ਹਾਂ ਦੇ ਆਗਮਨ
ਦੀ ਗਵਾਹੀ ਭਰੇ
ਜੁ ਖੁਸ਼ੀਆ ਤੇ ਰੀਝਾਂ
ਦਿਆਂ ਕੰਨਾਂ 'ਚ
ਸਰਗੋਸ਼ੀਆ ਕਰੇ
ਤੇ ਬਿਨਾਂ ਚੇਤੇ
ਬਿਨਾਂ ਮਨਾਇਆ ਹੀ
ਗੁਜ਼ਰ ਜਾਂਦੇ ਹਨ
ਸਾਡੇ ਤਿਉਹਾਰ।
ਜੁਬਾਨ ਤੁਸੀਂ ਖੋਲ੍ਹ
ਨਹੀਂ ਸਕਦੇ
ਉਚੀ ਤੁਸੀ
ਬੋਲ ਨਹੀਂ ਸਕਦੇ
ਗਲੀਆਂ 'ਚ ਤੁਸੀਂ
ਨੱਚ ਨੀ ਸਕਦੇ
ਠਹਾਕਿਆਂ ਦਾ ਅਰਥ
ਅਸੀਂ ਹੀ
ਭੁੱਲ ਗਏ ਹਾਂ।
ਸਾਡੇ ਬੱਚੇ
ਕੀ ਯਾਦ ਰੱਖਣਗੇ,
ਸਾਡੇ ਖਾਣਿਆਂ ਦੀ ਖੁਸ਼ਬੂ
ਇਨਾਂ ਲਈ ਹੈ ਬਦਬੂ
ਖਚਰੀ ਮੁਸਕਾਨ
ਬੁੱਲਾਂ 'ਤੇ ਧਰ ਕੇ
ਨਫ਼ਰਤ ਭਰੇ ਸਾਹ
ਲੈ ਕੇ ਦਸਦੇ ਨੇ
ਫ਼ਿਜ਼ਾ ਜਿਵੇ ਸਾਡੇ
ਖਾਣਿਆਂ ਦੀ ਮਹਿਕ ਸੰਗ
ਜ਼ਖ਼ਮੀ ਹੋਈ ਹੋਵੇ।

## ਇਕ ਵਿਚਾਰ -ਅਜੀਤ ਕੌਰ

*ਗੁਨਾਹਿ ਅਵੱਲ* :-ਔਰਤ ਹੋਣਾ।
*ਗੁਨਾਹਿ ਦੋਮ* :-ਇਕੱਲੀ ਔਰਤ ।
*ਗੁਨਾਹਿ ਸੋਮ* :-ਆਪਣੀ ਰੋਟੀ ਆਪ ਕਮਾਂਦੀ ਇਕੱਲੀ ਔਰਤ।
*ਗੁਨਾਹਿ ਅਜ਼ੀਮ-ਤਰੀਨ* :- ਆਪਣੀ ਰੋਟੀ ਆਪ ਕਮਾਂਦੀ ,ਜ਼ਹੀਨ,ਖੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੋਸਤਾਨ ਵਿੱਚ।

**ਹਰ ਵਰ੍ਹਾਂ ਆਪਣੇ ਵਿੱਚ ਬੜੇ ਗੁਝੇ ਰਾਜ਼,ਖੁਸ਼ੀਆਂ,ਗ਼ਮ,ਰੰਜ਼ ਮੜ੍ਹ ਕੇ ਲਿਆਉਦਾ ਹੈ ਤੇ ਟੁਰ ਜਾਂਦੈ ,ਇਕ ਹੋਰ ਨਵੇ ਨਕੋਰ ਸਾਲ ਲਈ ਰਾਹਵਾਂ-ਥਾਵਾਂ ਛੱਡਦਾ ਹੋਇਆ।ਸ਼ਇਦ ਇਹੀ 'ਵਕਤ' ਹੈ ਤੇ ਇਹੀ 'ਜੀਵਨ'ਹੈ। ਇਸੇ ਸੱਚ ਨੂੰ ਸਮਝਦੇ ਤੇ ਪਰਨਾਉਂਦੇ ਹੋਏ , ਸਾਹਿਤਨਾਮਾ ਦੇ ਸਾਰੇ ਪਾਠਕਾਂ ਨੂੰ ਨਵੇਂ ਸਾਲ ਦੀਆਂ ਸਮੁੱਚੇ 'ਖ਼ਬਰਨਾਮਾ' ਪਰਿਵਾਰ ਵਲੋਂ ਤਹਿ ਦਿਲੋਂ ਸ਼ੁਭ ਕਾਮਨਾਵਾਂ।**